**CLASS : 10th (Secondary)** **Code No. 109**

**Series : Sec/Annual-2023**

*Roll No.* | | | | | | | | | | |

***SET : A***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **14** ਹਨ।*

- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*

- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖ਼ੋ।*

- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*

- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*

- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*

- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



downloaded from StudentSuvidha.com

Download all NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਦੁੱਦ

(ਅ) ਦਾਂਤ

(ੲ) ਕਹਾਣੀਕਾਰ

(ਸ) ਜਲੰਧਰ

(ii) ਗਰੀਬਾਂ ਰੱਖੇ .........., ਦਿਨ ਵੱਡੇ ਆਏ। ਅਖਾਣ ਪੂਰੀ ਕਰੋ :

(ੳ) ਵਿਆਹ (ਅ) ਮੇਲੇ

(ੲ) ਪਾਠ (ਸ) ਰੋਜ਼ੇ

(iii) ਤੁਹਾਡੀ ਆਵਾਜ਼ ਵਿਚ ਬਹੁਤ ਮਿਠਾਸ ਹੈ। ਵਾਕ ਵਿਚ 'ਮਿਠਾਸ' ਸ਼ਬਦ ਹੈ :

(ੳ) ਭਾਵਵਾਚਕ ਨਾਂਵ

(ਅ) ਆਮ ਨਾਂਵ

(ੲ) ਖ਼ਾਸ ਨਾਂਵ

(ਸ) ਪੁਰਖਵਾਚਕ ਪੜਨਾਂਵ



downloaded from StudentSuvidha.com

Download all NOTES and PAPERS at StudentSuvidha.com

(iv) ਜਿਹੜੇ ਸ਼ਬਦ ਨਾਂਵ ਦੀ ਥਾਂ 'ਤੇ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਕਿਹਾ ਜਾਂਦਾ ਹੈ :

(ੳ) ਪੜਨਾਂਵ

(ਅ) ਨਾਂਵ

(ੲ) ਪੁਰਖਵਾਚਕ ਪੜਨਾਂਵ

(ਸ) ਕਿਰਿਆ

**2.** (i) ਲਵਪ੍ਰੀਤ ਬੇਈਮਾਨ ਹੈ। (ਨਾਂਹ-ਵਾਚਕ ਵਾਕ ਬਣਾਓ) 1

(ii) ਆਪਣਾ ਨਾਮ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਨਿਸ਼ਾ ਕਿਤਾਬ ਪੜ੍ਹਦੀ ਹੈ। ('ਕਿਤਾਬ' ਸ਼ਬਦ ਦੀ ਪਦਵੰਡ ਕਰੋ) 1

(iv) 'ਬੇ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਹੁਣ ਹੈ ਪਾਕਿਸਤਾਨ ਵਿਚ ਚੱਕ ਹਮੀਦਾਂ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਕਾਸ਼ ਮੈਂ ਚਾਰ ਸੋ ਮੀਟਰ ਨਾ ਦੌੜਦਾ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਕੰਨ ਖੜੇ ਹੋਣਾ

(ii) ਦਿਲ ਖੱਟਾ ਹੋਣਾ



downloaded from StudentSuvidha.com

Download all NOTES and PAPERS at StudentSuvidha.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਲੰਡਨ ਬੜਾ ਵੱਡਾ ਸ਼ਹਿਰ ਹੈ। ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ ਤਾਂ ਤੁਸੀਂ ਬਹੁਤ ਇੱਕਲੇ ਤੇ ਉਦਾਸੀ ਮਹਿਸੂਸ ਕਰ ਸਕਦੇ ਹੋ। ਅੰਗਰੇਜ ਲੋਕ ਤਬੀਅਤ ਦੇ ਠੰਡੇ ਹਨ ਤੇ ਮਿਲਣਸਾਰ ਨਹੀਂ। ਗੁਆਂਢੀ-ਗੁਆਂਢੀ ਨੂੰ ਨਹੀਂ ਜਾਣਦਾ ਅਤੇ ਬਗ਼ੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਬੱਸਾਂ, ਗੱਡੀਆਂ ਵਿਚ ਦੇਖੋ ਇਕ ਅੰਗਰੇਜ਼ ਦੂਸਰੇ ਅੰਗਰੇਜ਼ ਨਾਲ ਗੱਲ ਨਹੀਂ ਕਰਦਾ ਅਤੇ ਹਰ ਇਕ ਦੇ ਮੂੰਹ ਅੱਗੇ ਅਖ਼ਬਾਰ ਹੁੰਦੀ ਹੈ। ਸਾਡੇ ਪੰਜਾਬੀਆਂ ਦੀ ਇਕ ਦੂਸਰੇ ਨਾਲ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇਕ ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ। ਦੂਸਰੇ ਇੱਥੋ ਦੀ ਆਬੋ-ਹਵਾ ਵੀ ਖਰਾਬ ਹੈ। ਕਈ ਮਹੀਨੇ ਤਾਂ ਅਸਮਾਨ ਭੂਰੇ ਜਿਹੇ ਬੱਦਲਾਂ ਨਾਲ ਢੱਕਿਆ ਰਹਿੰਦਾ ਹੈ।

(i) ਲੰਡਨ ਦੀ ਆਬੋ-ਹਵਾ ਕਿਹੋ ਜਿਹੀ ਹੈ? 1

(ii) ਪੰਜਾਬੀ ਕਦੋਂ ਉਦਾਸ ਹੋ ਜਾਂਦੇ ਹਨ? 2

(iii) ਅੰਗਰੇਜ਼ ਲੋਕ ਤਬੀਅਤ ਦੇ ਕਿਹੋ ਜਿਹੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ ਜੀ

(ii) ਖੇਡਾਂ ਦਾ ਮਹੱਤਵ

(iii) ਵਿਸ਼ਾਖੀ ਦਾ ਮੇਲਾ

(iv) ਵਾਤਾਵਰਣ ਪ੍ਰਦੂਸ਼ਣ

(v) ਟੈਬਲੇਟ ਦੇ ਲਾਭ ਤੇ ਹਾਨੀਆਂ

**8.** ਸ਼ਹਿਰ ਵਿਚ ਵਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ। 5

**ਜਾਂ**

ਕਿਸੇ ਪੁਸਤਕ ਵਿਕਰੇਤਾ ਨੂੰ ਕੁਝ ਪੁਸਤਕਾਂ ਵੀ. ਪੀ. ਪੀ. ਦੁਆਰਾ ਭੇਜਣ ਲਈ ਪੱਤਰ ਲਿਖੋ।



downloaded from StudentSuvidha.com
Download all NOTES and PAPERS at StudentSuvidha.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਿੱਤਰਾਂ ਦੀ ਮਿਜ਼ਮਾਨੀ ਖ਼ਾਤਰ।
ਦਿਲ ਦਾ ਲਹੂ ਛਾਣੀਦਾ।।
ਕੱਢਿ ਕਲੇਜਾ ਕੀਤਮ ਬੇਰੇ,
ਸੋ ਭੀ ਲਾਇਕ ਨਹੀਂ ਤੇਰੇ।
ਹੋਰੁ ਤਉਫ਼ੀਕ ਲਹੀਂ ਕਿਛੁ ਮੇਰੇ,
ਪੀਉ ਕਟੋਰਾ ਪਾਣੀ ਦਾ।

**ਜਾਂ**

ਏ. ਸੀ. ਕੂਲਰਾਂ ਦੇ ਹੁਣ ਹੋ ਗਏ ਮੁਥਾਜ ਨੇ,
ਜਿਹੜੀਆਂ ਜਵਾਨਾਂ ਹਿੱਕਾਂ ਲੂਆਂ 'ਚ ਸੀ ਤਾਣੀਆਂ।

ਨੌਂ-ਨੌਂ ਇੰਚ ਗੱਦਿਆਂ ਤੇ ਹੌਲੀਆਂ ਨਸੀਬ ਨਾ,
ਨੀਂਦਰਾਂ ਜੋ ਦਿੰਦੀਆਂ ਸੀ ਮੰਜੀਆਂ ਅਲਾਣੀਆਂ।

(ii) ਰੁੱਖ ਮਨੁਖੀ ਜੀਵਨ ਲਈ ਸਮਰਪਿਤ ਹਨ? ਇਸ ਕਥਨ ਦੀ ਪੁਸ਼ਟੀ ਕਰੋ। 3

(iii) ਦੱਸ ਗੁਰੂਆਂ ਨੇ ਕਿਹੜੀ ਜੋਤ ਬਾਲੀ? 1

**10.** (i) ਮੁੰਡ੍ਹੀਰ ਤੋਂ ਕੀ ਭਾਵ ਹੈ? ਇਹ ਕਿੱਥੇ ਜਾਣ ਲਈ ਰੇਸ ਲਾਉਂਦੀ ਹੈ? 3

(ii) ਗੂੜ੍ਹੀ ਨੀਂਦ ਸੌਣ ਨਾਲ ਕੀ ਹੁੰਦਾ ਹੈ? 3

(iii) ਲੋਕ ਗੀਤ ਕਿਸ ਨੂੰ ਕਿਹਾ ਜਾਂਦਾ ਹੈ? 2

(iv) ਲੇਖਕ ਨਾਲ ਕੁੜੀਆਂ ਦਾ ਕਾਫ਼ਲਾ ਕਿਸ ਵਾਦੀ ਵਲ ਜਾ ਰਿਹਾ ਸੀ? 1



StudentSuvidha.com
downloaded from
Download all NOTES and PAPERS at StudentSuvidha.com

**11.** (i) 'ਈਅਰ ਫ਼ੋਨ' ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ? ਇਸ ਬਾਰੇ ਵਿਸਤਾਰ ਸਹਿਤ ਦੱਸੋ। 3

(ii) ਕਹਾਣੀ ਦੀ ਪਾਤਰ ਰਜਨੀ ਦੇ ਕਿਰਦਾਰ ਦਾ ਤੁਹਾਡੇ ਉੱਪਰ ਕੀ ਅਸਰ ਹੋਇਆ? 3

(iii) ਦੋਵਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ? 2

(iv) ਰੋਹਿਤ ਨੂੰ ਕਿਹੜੀ ਸਵਾਰੀ ਕਰਕੇ ਮਜਾ ਆ ਰਿਹਾ ਸੀ? 1

**12.** (i) 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ। 5

**ਜਾਂ**

ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ।

(ii) ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ਤੇ ਰਾਜਾ ਕੋਤਵਾਲ ਸਾਹਮਣੇ ਆਪਣੇ ਆਪ ਨੂੰ ਕੀ ਦਸਦਾ ਹੈ? 3

(iii) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ? 1

(iv) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਕਿਸ ਦੀ ਰਚਨਾ ਹੈ? 1

downloaded from StudentSuvidha.com

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ। 3

(ii) ਦੇਸ਼ ਦੀ ਤਰੱਕੀ ਲਈ ਡਾ੦ ਅਬਦੁਲ ਕਲਾਮ ਨੇ ਕਿਨ੍ਹਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ? 3

(iii) ਨਾਨਕ ਸਿੰਘ ਦੇ ਕੋਈ ਦੋ ਨਾਵਲ ਲਿਖੋ। 2

(iv) ਮਿਲਖਾ ਸਿੰਘ ਕਿਹੜੀ ਦੌੜ ਹਾਰਨ ਕਾਰਨ ਉਦਾਸ ਹੋ ਗਿਆ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ?

(ੳ) 70 (ਅ) 82

(ੲ) 79 (ਸ) 85



Download all NOTES and PAPERS at StudentSuvidha.com

(ii) ਵੰਦਨਾ ਕਿਸ ਕਹਾਣੀ ਦੀ ਪਾਤਰ ਹੈ?

(ੳ) ਦੁਸ਼ਮਣੀ

(ਅ) ਈਅਰਫੋਨ

(ੲ) ਨਾਨੀ ਦਾ ਪਿਆਰ

(ਸ) ਇਕ ਸਧਾਰਨ ਆਦਮੀ

(iii) ਮਾਸੀ ਕਿਸ ਨੂੰ ਕਿਹਾ ਗਿਆ ਹੈ?

(ੳ) ਉਰਦੂ ਨੂੰ

(ਅ) ਪੰਜਾਬੀ ਨੂੰ

(ੲ) ਹਿੰਦੀ ਨੂੰ

(ਸ) ਵਿਦੇਸ਼ੀ ਨੂੰ

(iv) ਬੱਚੇ ਦਾ ਹੱਥ ਕਿਸ ਨੇ ਤੋੜਿਆ?

(ੳ) ਪਿਓ ਨੇ

(ਅ) ਮਾਸਟਰ ਨੇ

(ੲ) ਡਾਕਟਰ ਨੇ

(ਸ) ਮੁੰਡੇ ਨੇ

downloaded from StudentSuvidha.com



Download all NOTES and PAPERS at StudentSuvidha.com